# ਸੇਫ ਸਪੇਸ

## ਪ੍ਰਵਾਸੀ ਪਰਿਵਾਰਾਂ ਵਿੱਚ ਬੱਚਿਆਂ ਲਈ **ਸ਼ੁਰੂਆਤੀ ਦੇਖਭਾਲ ਅਤੇ ਸਿੱਖਿਆ** ਵਿੱਚ ਸੇਫ ਸਪੇਸ ਕਿਵੇਂ ਬਣਾਈਏ



### ਸੇਫ ਸਪੇਸ ਪਾਲਿਸੀ ਕੀ ਹੈ?

ਸੇਫ ਸਪੇਸ ਪਾਲਿਸੀ ਸੰਭਾਵੀ ਇਮੀਗ੍ਰੇਸ਼ਨ ਲਾਗੂ ਕਰਨ ਵਾਲੀਆਂ ਕਾਰਵਾਈਆਂ ਦੇ ਦੌਰਾਨ ਬੱਚਿਆਂ ਦੀ ਸੁਰੱਖਿਆ ਅਤੇ ਗੋਪਨੀਯਤਾ ਦੀ ਰੱਖਿਆ ਲਈ — ਖਾਸ ਕਰਕੇ ਮਿਸ਼ਰਿਤ ਦਰਜੇ ਵਾਲੇ ਪਰਿਵਾਰਾਂ ਵਿੱਚ ਰਹਿਣ ਵਾਲੇ ਬੱਚਿਆਂ ਵਾਸਤੇ—ਇੱਕ ਰਸਮੀਂ ਯੋਜਨਾ ਹੈ। ਸੇਫ ਸਪੇਸ ਪਾਲਿਸੀ:

- **ਐਮਰਜੈਂਸੀ ਵਿੱਚ ਸਟਾਫ਼ ਦੀਆਂ ਭੂਮਿਕਾਵਾਂ ਨੂੰ ਸਪੱਸ਼ਟ ਕਰਦੀ ਹੈ**
- **ਸ਼ਮੂਲੀਅਤ ਦੇ ਪ੍ਰਤੀ ਤੁਹਾਡੀ ਵਚਨਬੱਧਤਾ ਦਾ ਸੰਕੇਤ ਦਿੰਦੀ ਹੈ**
- **ਡਰ ਅਤੇ ਉਲਝਣ ਨੂੰ ਘਟਾਉਂਦੀ ਹੈ**
- **ਪਰਿਵਾਰਾਂ ਨਾਲ ਵਿਸ਼ਵਾਸ ਪੈਦਾ ਕਰਦੀ ਹੈ**

### ਕੀ ਤੁਸੀ ਜਾਣਦੇ ਹੋ?

- California ਵਿੱਚ ਲਗਭਗ ਅੱਧੇ ਬੱਚੇ ਪ੍ਰਵਾਸੀ ਪਰਿਵਾਰਾਂ ਤੋਂ ਹਨ।
- 5 ਵਿੱਚੋਂ 1 ਬੱਚਾ ਮਿਸ਼ਰਿਤ ਦਰਜੇ ਵਾਲੇ ਪਰਿਵਾਰ ਵਿੱਚ ਰਹਿੰਦਾ ਹੈ।

### ਸੇਫ ਸਪੇਸ ਪਾਲਿਸੀ ਨੂੰ ਲਾਗੂ ਕਰਨਾ: ਬਿਹਤਰ ਅਭਿਆਸ

- **ਸਟਾਫ਼ ਲਈ ਰੋਲ-ਪਲੇ ਸਿਖਲਾਈਆਂ ਦਾ ਆਯੋਜਨ ਕਰੋ**
- **ਐਮਰਜੈਂਸੀ ਸੰਪਰਕਾਂ ਨੂੰ ਅੱਪਡੇਟ ਰੱਖੋ**
- **ਪਰਿਵਾਰਾਂ ਨਾਲ "ਆਪਣੇ ਹੱਕ ਜਾਣੋ" ਸਮੱਗਰੀ ਸਾਂਝੀ ਕਰੋ**
- **ਸਥਾਨਕ ਰੈਪਿਡ ਰਿਸਪਾਂਸ ਨੈੱਟਵਰਕਾਂ ਨਾਲ ਭਾਈਵਾਲੀ ਕਰੋ**

ALL IN FOR SAFE SCHOOLS
SAFE SPACES, STRONG FUTURES

allinforsafeschools.org

# ਸੇਫ ਸਪੇਸ ਪਾਲਿਸੀ ਦੇ ਮੁੱਖ ਤੱਤ

## ਸਟਾਫ਼ ਦੀਆਂ ਭੂਮਿਕਾਵਾਂ ਨਿਰਧਾਰਤ ਕਰੋ

ਪਛਾਣ ਕਰੋ ਕਿ ਕੌਣ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਗੱਲ ਕਰਦਾ ਹੈ, ਕੌਣ ਸਟਾਫ਼ ਨੂੰ ਸੁਚੇਤ ਕਰਦਾ ਹੈ ਅਤੇ ਕੌਣ ਕਾਨੂੰਨੀ/ਭਾਈਚਾਰਕ ਭਾਈਵਾਲਾਂ ਨਾਲ ਸੰਪਰਕ ਕਰਦਾ ਹੈ।

## ਨਿੱਜੀ ਖੇਤਰ ਨਿਰਧਾਰਤ ਕਰੋ

ਨਿੱਜੀ ਖੇਤਰਾਂ (ਜਿਵੇਂ ਕਿ ਦਫ਼ਤਰ, ਸਟਾਫ਼ ਲਾਉਂਜ) ਨੂੰ ਚਿੰਨ੍ਹਿਤ ਕਰੋ। ਇਮੀਗ੍ਰੇਸ਼ਨ ਏਜੰਟਾਂ ਨੂੰ ਨਿੱਜੀ ਥਾਵਾਂ 'ਤੇ ਪ੍ਰਵੇਸ਼ ਕਰਨ ਲਈ ਵੈਧ ਨਿਆਂਇਕ ਵਾਰੰਟ ਦੀ ਲੋੜ ਹੁੰਦੀ ਹੈ।

## ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਗੱਲਬਾਤ ਕਰੋ

ਹਮੇਸ਼ਾ ਪੁੱਛੋ:
→ ਬੈਜ ਅਤੇ ਏਜੰਸੀ ਆਈਡੀ
→ ਵੈਧ ਨਿਆਂਇਕ ਵਾਰੰਟ (ਜੱਜ ਦੁਆਰਾ ਦਸਤਖ਼ਤ ਕੀਤਾ ਗਿਆ - ਨਾ ਕਿ ਪ੍ਰਬੰਧਕੀ ਵਾਰੰਟ)।

**ਸੁਝਾਅ: ਨਿਆਂਇਕ ਬਨਾਮ ਪ੍ਰਬੰਧਕੀ ਵਾਰੰਟਾਂ ਵਿੱਚ ਅੰਤਰ ਜਾਣਨ ਲਈ, ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ ਅਤੇ "ਵਾਰੰਟ ਅਤੇ ਸੰਮਨ" ਗਾਈਡ 'ਤੇ ਕਲਿੱਕ ਕਰੋ।**

## ਵਿਘਨ ਨੂੰ ਘੱਟ ਤੋਂ ਘੱਟ ਕਰੋ

→ ਬੱਚਿਆਂ ਨੂੰ ਕਾਨੂੰਨ ਲਾਗੂ ਕਰਨ ਵਾਲੇ ਏਜੰਟਾਂ ਦੇ ਸੰਪਰਕ ਵਿੱਚ ਆਉਣ ਤੋਂ ਬਚਾਓ।
→ ਰੁਟੀਨ ਬਣਾਈ ਰੱਖੋ
→ ਭਾਵਨਾਤਮਕ ਸੁਰੱਖਿਆ ਨੂੰ ਤਰਜੀਹ ਦਿਓ

## ਪਰਿਵਾਰਾਂ ਨੂੰ ਸੂਚਿਤ ਕਰੋ

ਕਿਸੇ ਘਟਨਾ ਤੋਂ ਬਾਅਦ, ਸਪੱਸ਼ਟ ਤੌਰ 'ਤੇ ਦੱਸੋ:
→ ਕੀ ਹੋਇਆ
→ ਤੁਹਾਡੇ ਪ੍ਰੋਗਰਾਮ ਨੇ ਕਿਵੇਂ ਜਵਾਬ ਦਿੱਤਾ
→ ਇਹ ਕਿ ਪਰਿਵਾਰਾਂ ਦੇ ਹੱਕ ਅਤੇ ਨਿੱਜਤਾ ਸੁਰੱਖਿਅਤ ਰਹੇ

## ਡੇਟਾ ਦੀ ਗੋਪਨੀਯਤਾ ਬਣਾਈ ਰੱਖੋ

→ ਸਿਰਫ਼ ਉਹੀ ਡੇਟਾ ਇਕੱਠਾ ਕਰੋ ਜੋ ਨਾਮਾਂਕਣ ਲਈ ਜ਼ਰੂਰੀ ਹੈ
→ ਕਦੇ ਵੀ ਸਹਿਮਤੀ ਜਾਂ ਅਦਾਲਤ ਦੇ ਹੁਕਮ ਤੋਂ ਬਿਨਾਂ ਜਾਣਕਾਰੀ ਸਾਂਝੀ ਨਾ ਕਰੋ

## ਆਪਣੇ ਹੱਕ ਜਾਣੋ

→ **ਚੌਥਾ ਸੰਸ਼ੋਧਨ:** ਗੈਰ-ਕਾਨੂੰਨੀ ਖੋਜਾਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਏਜੰਟਾਂ ਨੂੰ ਨਿੱਜੀ ਖੇਤਰਾਂ 'ਚ ਪ੍ਰਵੇਸ਼ ਕਰਨ ਲਈ ਵੈਧ ਨਿਆਂਇਕ ਵਾਰੰਟ ਦੀ ਲੋੜ ਹੁੰਦੀ ਹੈ।

→ **ਪੰਜਵਾਂ ਸੰਸ਼ੋਧਨ:**
ਤੁਹਾਨੂੰ ਚੁੱਪ ਰਹਿਣ ਦਾ ਹੱਕ ਹੈ। ਸਟਾਫ਼ ਨੂੰ ਢੁਕਵੇਂ ਕਾਨੂੰਨੀ ਦਸਤਾਵੇਜ਼ਾਂ ਤੋਂ ਬਿਨਾਂ ਜਾਣਕਾਰੀ ਸਾਂਝੀ ਕਰਨ ਦੀ ਲੋੜ ਨਹੀਂ ਹੈ।

## ਸਹਾਇਤਾ ਅਤੇ ਸਰੋਤ ਪ੍ਰਾਪਤ ਕਰੋ

**ਕੀ ਤੁਹਾਨੂੰ ਇਮੀਗ੍ਰੇਸ਼ਨ ਲਾਗੂ ਕਰਨ ਵਾਲੀ ਕਾਰਵਾਈ ਵਿੱਚ ਤੁਰੰਤ ਸਹਾਇਤਾ ਦੀ ਲੋੜ ਹੈ?** ਆਪਣੇ ਸਥਾਨਕ ਰੈਪਿਡ ਰਿਸਪਾਂਸ ਨੈੱਟਵਰਕ ਨੂੰ ਲੱਭਣ ਲਈ QR ਕੋਡ ਨੂੰ ਸਕੈਨ ਕਰੋ।

**ALL IN for Safe Schools (ਆਲ ਇਨ ਫਾਰ ਸੇਫ ਸਕੂਲਜ਼) ਇੱਕ ਰਾਜ ਵਿਆਪੀ ਮੁਹਿੰਮ ਹੈ ਜੋ ਸਿੱਖਿਅਕਾਂ ਅਤੇ ਪ੍ਰਦਾਤਾਵਾਂ ਨੂੰ ਸੁਆਗਤਯੋਗ, ਸਕਰਾਤਮਕ ਵਾਤਾਵਰਣ ਬਣਾਉਣ ਵਿੱਚ ਸਹਾਇਤਾ ਕਰਦੀ ਹੈ — ਖਾਸ ਕਰਕੇ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਅਤੇ LGBTQ+ ਬੱਚਿਆਂ ਲਈ।** ਵਧੇਰੇ ਜਾਣਕਾਰੀ ਲਈ, Liza M. Davis ਨਾਲ ਸੰਪਰਕ ਕਰੋ: ldavis@childrenspartnership.org.

BRINGING UP CALIFORNIA
Racial Justice for Children, Families, and Communities

CHILD CARE LAW CENTER

CLASP
The Center for Law and Social Policy